17-3-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਪੈਰ ਸੂਲਾਂ 'ਤੇ ਵੀ ਨਚਦੇ ਰਹਿਣਗੇ :** 17 ਮਾਰਚ, ਇਨਕਲਾਬੀ ਕਵੀ ਜੈਮਲ ਸਿੰਘ ਪੱਡਾ ਦਾ ਸ਼ਹਾਦਤ ਦਾ ਦਿਨ ਹੈ । 8 ਸਾਲ ਪਹਿਲਾਂ 17 ਮਾਰਚ 1988, ਉਹ ਧਾਰਮਿਕ ਜਨੂੰਨੀਆਂ ਦੇ ਹੱਥੋਂ ਸ਼ਹੀਦਤ ਪਾ ਗਿਆ। ਉਹਦੀ ਯਾਦ ਵਿਚ ਹਰ ਸਾਲ ਉਹਦੇ ਪਿੰਡ ਲਖਣ ਕੇ ਪੱਡੇ ਉਹਦੇ ਸਾਥੀ ਉਹਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੁੰਦੇ ਹਨ। ਇਸ ਸਾਲ ਪਲਸ ਮੰਚ ਵਲੋਂ ਵੀ ਉਹਦੀ ਯਾਦ ਵਿਚ ਉਹਦੇ ਹੀ ਪਿੰਡ ਰਾਤ ਸਮੇਂ ਇਕ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਕਵੀ ਪੱਡਾ ਨੇ ਆਪਣੀ ਕਾਵਿ ਯਾਤਰਾ ਧਾਰਮਿਕ ਅਤੇ ਸਮਾਜਕ ਸੁਧਾਰਕ ਰਚਨਾਵਾਂ ਨਾਲ ਆਰੰਭ ਕੀਤੀ ਸੀ। ਪ੍ਰਗਤੀਸ਼ੀਲ ਕਵਿਤਾ ਦੇ ਦੌਰ 'ਚੋਂ ਗੁਜ਼ਰਦੇ ਹੋਏ ਉਹ ਜੁਝਾਰਵਾਦੀ ਕਵਿਤਾ ਤਕ ਪੁੱਜਿਆ ਸੀ। ਉਸ ਦੀ ਕਵਿਤਾ ਵਿਚ ਲੁੱਟ-ਖਸੁੱਟ, ਦਮਨ ਅਤੇ ਵਿਤਕਰੇ ਵਿਰੁਧ ਦਿੱਤਾ ਸੱਦਾ ਹਮੇਸ਼ਾ ਪ੍ਰਤੱਖ ਰਹਿੰਦਾ ਸੀ। ਉਹ ਸਾਹਿਤ ਨੂੰ ਲੋਕ ਜਾਗਰਿਤੀ ਦਾ ਸਾਧਨ ਸਵੀਕਾਰਦਾ ਸੀ ਅਤੇ ਇਸ ਨੂੰ ਆਪਣੇ ਮਿਹਨਤੀ ਲੋਕਾਂ ਦੇ ਨੇੜੇ ਰੱਖਣ ਲਈ ਸਦਾ ਯਤਨਸ਼ੀਲ ਰਹਿੰਦਾ ਸੀ। ਇਸ ਕਰ ਕੇ ਉਹਦੀ ਕਵਿਤਾ ਵਿਚ ਲੋਕ ਬੋਲੀ ਦੀ ਸਾਦਗੀ ਦਾ ਅੰਸ਼ ਭਾਰੂ ਰਹਿੰਦਾ ਸੀ।

ਪੱਡਾ ਦੀ ਸ਼ਹਾਦਤ 'ਤੇ ਅਨੰਦ ਪਟਵਰਧਨ ਨੇ ਜੋ ਦਸਤਾਵੇਜ਼ੀ ਫਿਲਮਾਂ ਦੇ ਡਾਇਰੈਕਟਰ ਵਜੋਂ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਹਨ, ਨੇ ਕੁਝ ਸ਼ਰਧਾਂਜਲੀ ਸ਼ਬਦ ਕਹੇ ਸਨ, ਜੋ ਅੱਜ ਯਾਦ ਕਰਨੇ ਜ਼ਰੂਰੀ ਹਨ। ''ਕਾਮਰੇਡ, ਤੂੰ ਕਿਹਾ ਸੀ, ਸਾਡੇ ਦਿਲਾਂ ਵਿਚ, ਇੰਤਕਾਮ ਲਈ ਕੋਈ ਥਾਂ ਨਹੀਂ । ਪੱਡਾ ਜੀ, ਸਾਡੀਆਂ ਅੱਖਾਂ ਵਿਚੋਂ ਵਹਿੰਦੇ ਅੱਥਰੂ ਤੁਹਾਡੇ ਲਈ ਨਹੀਂ, ਸਗੋਂ ਉਨ੍ਹਾਂ ਅਕਲ ਦੇ ਅੰਨ੍ਹਿਆਂ ਲਈ ਹਨ, ਜੋ ਅੰਨ੍ਹੇਵਾਹ ਤੇਰੇ ਖੂਨ ਦੇ ਪਿਆਸੇ ਆਏ ਸਨ। ਕਾਸ਼ ਉਹ ਮਿਹਨਤਕਸ਼ਾਂ ਲਈ ਤੇਰੇ ਪਿਆਰ ਨੂੰ ਜਾਣਦੇ ਤਾਂ ਉਨ੍ਹਾਂ ਦੀ ਤੇਰੇ ਲਹੂ ਦੀ ਪਿਆਸ ਮਿਟ ਜਾਣੀ ਸੀ। ......ਤੂੰ ਕਿਹਾ ਸੀ, ਉਹ ਗੁਮਰਾਹ ਮੁੰਡੇ ਹਨ, ਜੋ ਸਹੀ ਤੇ ਗਲਤ ਤੋਂ ਅਣਜਾਣ ਹਨ। ਸੋ ਪੱਡਾ ਜੀ, ਸਾਡੇ ਦਿਲਾਂ ਵਿਚੋਂ ਇੰਤਕਾਮ ਦੀ ਧੜਕਦੀ ਅੱਗ ਨੂੰ ਸ਼ਾਂਤ ਕਰ ਦੇਵੋ, ਅਤੇ ਉਹਦੀ ਥਾਂ ਸਾਡੇ ਮਨਾਂ ਵਿਚ, ਨਵੀਂ ਸ਼ਕਤੀ, ਨਵਾਂ ਉਤਸ਼ਾਹ ਭਰੋ ਤਾਂ ਜੋ ਅਸੀਂ ਉਸ ਨਵੀਂ ਸਵੇਰ ਲਈ ਕੰਮ ਕਰੀਏ, ਜਿਥੇ ਜਾ ਕੇ ਉਹ ਵੀ ਜੋ ਤੇਰੇ ਕਾਤਲ ਹਨ, ਰੁਕ ਜਾਣਗੇ, ਰੁਕਣਗੇ ਅਤੇ ਤੇਰਾ ਗੀਤ ਸੁਣਨਗੇ ।''

ਪੱਡਾ ਦੀ ਇਕ ਗ਼ਜ਼ਲ ਦੇ ਬੋਲ ਹਨ:

'ਸਿਦਕ ਸਾਡੇ ਨੇ ਕਦੇ ਮਰਨਾ ਨਹੀਂ,
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ ।
ਪੈਰ ਸੂਲਾਂ 'ਤੇ ਵੀ ਨਚਦੇ ਰਹਿਣਗੇ,
ਬੁੱਤ ਬਣ ਕੇ ਪੀੜ ਨੂੰ ਜਰਨਾ ਨਹੀਂ ।

ਕਵੀ ਦੇ ਇਸ ਇਰਾਦੇ ਨੂੰ ਅਸੀਂ ਯਾਦ ਵੀ ਕਰਨੇ ਹਾਂ ਤੇ ਸਲਾਮ ਵੀ ਕਰਨੇ ਹਾਂ ।

**ਨਾਟਕ 'ਜੰਗੀ ਰਾਮ ਦੀ ਹਵੇਲੀ' :** ਮੇਰਾ ਇਹ ਨਾਟਕ, ਜਿਸ ਦਾ ਅਨੁਵਾਦ ਹੋ ਚੁੱਕਿਆ ਹੈ, ਇਕ ਸਿਆਸੀ ਵਿਅੰਗ ਹੈ। 'ਜੰਗੀ ਰਾਮ ਦੀ ਹਵੇਲੀ' ਸਪਸ਼ਟ ਰੂਪ ਵਿਚ ਭਾਰਤ ਦੀ ਪ੍ਰਤੀਕ ਹੈ। ਤੇਈ ਜਿਸ ਦੇ ਕਮਰੇ ਹਨ, ਅਠਾਰਾਂ ਦੀਆਂ ਛੱਤਾਂ ਚੋਂਦੀਆਂ ਹਨ, ਕੰਧਾਂ ਜਿਸ ਦੀਆਂ ਭੁਰਦੀਆਂ ਹਨ, ਰੋਸ਼ਨੀ ਦਾ ਨਾਮ ਨਹੀਂ, ਤਾਜ਼ਾ ਹਵਾ ਦਾ ਨਿਸ਼ਾਨ ਨਹੀਂ, ਚਿੱਕੜ ਹੈ, ਦਲਿੱਦਰ ਹੈ, ਬਿਮਾਰੀ ਹੈ। ਇਹ ਨਾਟਕ ਮੈਂ 1979 ਵਿਚ ਲਿਖਿਆ। 1977 ਵਿਚ ਇੰਦਰਾ ਗਾਂਧੀ ਦੀ ਸਰਕਾਰੀ ਡਿੱਗੀ ਅਤੇ ਮੁਰਾਰਜੀ ਡਿਸਾਈ ਦੀ ਅਗਵਾਈ ਵਿਚ ਜਨਤਾ ਸਰਕਾਰ ਬਣੀ। ਇਸ ਸਰਕਾਰ ਵਿਚ ਸਿਆਸੀ ਮਸਖਰੇ ਵੀ ਸ਼ਾਮਲ ਸਨ, ਪਿਸ਼ਾਬ ਪੀਣ ਵਾਲੇ ਵੀ ਸਨ ਅਤੇ ਸੱਤਾ ਦੇ ਭੁੱਖੇ ਇਕ ਦੂਜੇ ਨੂੰ ਠਿੱਬੀ ਲਗਾਉਣ ਵਾਲੇ ਵੀ ਸਨ ਜੋ ਆਪ ਪ੍ਰਧਾਨ ਬਣਨਾ ਚਾਹੁੰਦੇ ਸਨ। ਇਹ ਸਰਕਾਰ ਜਲਦੀ ਹੀ ਡਿੱਗ ਪਈ। ਲੋਕਾਂ ਵਿਚ ਸਿਆਸੀ ਆਗੂਆਂ ਬਾਰੇ ਘੋਰ ਨਿਰਾਸ਼ਾ ਸੀ। ਇਹ ਹਾਲਤ ਅੱਜ ਵੀ ਹੈ। ਲੋਕਾਂ ਨੂੰ ਚੇਤਨ ਕਰਨ ਲਈ ਅੱਜ ਇਹ ਨਾਟਕ ਫੇਰ ਖੇਡਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ।

ਇਸ ਨਾਟਕ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਲੋਕਾਂ ਦੀ ਮਾਯੂਸੀ ਅਤੇ ਬੇਵਸੀ ਹੈ। ਦੂਜੇ ਭਾਗ ਵਿਚ ਲੀਡਰਾਂ ਦੀ ਲੋਕਾਂ ਵਲੋਂ ਬੇਮੁਖਤਾ ਹੈ। ਤੀਜੇ ਭਾਗ ਵਿਚ ਲੋਕਾਂ ਦੀ ਬਗਾਵਤ ਹੈ ਜੋ ਸਪਸ਼ਟ ਸ਼ਬਦਾਂ ਵਿਚ ਇਸ ਸੱਚ ਨੂੰ ਰੂਪਵਾਨ ਕਰਦੀ ਹੈ ਕਿ ਇਸ ਸਾਰੀ ਹਵੇਲੀ ਦਾ ਢਾਂਚਾ ਜਰਜਰਾ ਹੋ ਗਿਆ ਹੈ ਤੇ ਇਸ ਨੂੰ ਢਾਹੁਣ ਤੋਂ ਸਿਵਾਏ ਹਵੇਲੀ ਵਾਲਿਆਂ ਕੋਲ ਹੋਰ ਕੋਈ ਨਿਜਾਤ ਦਾ ਰਾਹ ਨਹੀਂ ।

ਸਮਕਾਲੀ ਹਾਲਾਤ ਅਨੁਸਾਰ ਨਾਟਕ ਜਿਸ ਤਰ੍ਹਾਂ ਲਿਖੇ ਅਤੇ ਮੰਚਣ ਕੀਤੇ ਜਾਂਦੇ ਹਨ, ਇਹ ਨਾਟਕ ਆਪਣੇ ਆਪ ਵਿਚ ਇਹਦੀ ਇਕ ਮਿਸਾਲ ਹੈ।

**ਸਮਕਾਲੀ ਵਿਸ਼ਵਾਸ ਦੀ ਕਵਿਤਾ:** ਸੁਰਜੀਤ ਜੱਜ ਸਾਡਾ ਉਹ ਸਥਾਪਤ ਕਵੀ ਹੈ, ਜਿਸ ਦੀ ਕਵਿਤਾ ਵਿਚ ਇਕ ਵਿਸ਼ਵਾਸ ਵੀ ਹੈ ਤੇ ਇਕ ਸੁਨੇਹਾ ਵੀ ਹੈ:

ਬੜਾ ਹੀ ਲਾਜ਼ਮੀ ਹੈ, ਕੁਛ ਵਿਚਾਲੇ ਫਾਸਲਾ ਹੋਵੇ ।
ਨਿਗਾਹਾਂ ਨੂੰ ਸ਼ਨਾਖਤ ਕਰਨ ਦਾ, ਕੁਛ ਹੌਸਲਾ ਹੋਵੇ।
ਸਲਾਮਤ ਰਹਿਣ ਫਿਰ ਸ਼ੀਸ਼ੇ, ਹਮੇਸ਼ਾ ਤਿੜਕ ਜਾਵਣ ਦਾ,
ਕਿਤੇ ਜੇ ਪੱਥਰਾਂ ਤਾਈਂ ਵੀ, ਥੋੜ੍ਹਾ ਤੌਖਲਾ ਹੋਵੇ।'